## 4.2 ਵੈੱਬ ਲਾਗੂ ਕਰਨ ਦੇ ਨਿਰਦੇਸ਼ :

ਪੂਰੀ ਤਰ੍ਹਾਂ ਅਤੇ ਸਹੀ ਯੋਜਨਾ ਬਣਾਉਣ ਅਤੇ ਸੂਚਨਾਵਾਂ (ਵਿਸ਼ਾ-ਵਸਤੂਆਂ) ਅਤੇ ਲਿੰਕਾਂ ਬਾਰੇ ਫ਼ੈਸਲਾ ਕਰਨ ਤੋਂ ਬਾਅਦ ਅਸੀਂ ਇਸ ਦੇ ਲਾਗੂ ਕਰਨ ਵਾਲੇ ਹਿੱਸੇ ਲਈ ਕੰਮ ਕਰਨਾ ਹੈ।ਅਸੀਂ ਸ਼ਾਇਦ ਜਾਣਦੇ ਹਾਂ ਕਿ ਸਾਡੀ ਵੈੱਬਸਾਈਟ ਦੀ ਸਮੱਗਰੀ ਇਸ ਦਾ ਸਭ ਤੋਂ ਮਹੱਤਵਪੂਰਨ ਪਹਿਲੂ ਹੈ।ਪਰ ਇਹ ਵੀ ਬਹੁਤ ਮਹੱਤਵਪੂਰਨ ਹੈ ਕਿ ਇਸਦਾ ਟੀਚਾ ਪ੍ਰਾਪਤ ਕਰਨ ਵਾਲੇ ਇਸ ਨੂੰ ਲੱਭਣ ਦੇ ਯੋਗ ਹੁੰਦੇ ਹਨ ਅਤੇ ਸਾਡੀ ਸਾਈਟ ਤੇ ਵਰਤਣ ਵਾਲੇ ਤੇਜ਼ੀ ਨਾਲ ਉਹ ਜਾਣਕਾਰੀ ਲੱਭ ਸਕਦੇ ਹਨ ਜੋ ਉਹ ਚਾਹੁੰਦੇ ਹਨ। ਇਹ ਜਾਂਚ ਕਰਨਾ ਕਿ ਸਾਈਟ ਨਵੇਂ ਵਜਿਟਿਰ ਨੂੰ ਖਿੱਚ ਸਕੇ ਅਤੇ ਉਹਨਾਂ ਦੀਆਂ ਗਤੀਵਧਿਆਂ ਨੂੰ ਟਰੈਕ ਕਰਨ ਦੇ ਅਨੁਕੂਲ ਹੈ।

ਡੋਮੇਨ ਨਾਮ ਦੀ ਚੋਣ, ਡੋਮੇਨ ਦੀ ਰਜਿਸਟ੍ਰੇਸ਼ਨ, ਸਰਵਰ ਦੀ ਚੋਣ ਅਤੇ ਸਾਈਟ ਆਦਿ ਦਾ ਪ੍ਰਬੰਧਨ ਆਦਿ ਵੈਬ ਇੰਪਲੀਮੈਂਟੇਸ਼ਨ ਪਲਾਨ ਦੇ ਅਧੀਨ ਹਨ।

### 4.2.1 ਡੋਮੇਨ ਨਾਮ ਦੀ ਚੋਣ ਕਰਨੀ :

ਡੋਮੇਨ ਨਾਮ ਸਾਡੀ ਸਾਈਟ ਦਾ ਪਤਾ ਹੈ ।ਕੋਈ ਡੋਮੇਨ ਨਾਮ ਚੁਣੋ ਜੋ ਸੰਖੇਪ, ਯਾਦ ਰੱਖਣ ਲਈ ਅਸਾਨ ਅਤੇ ਸਾਡੀ ਵੈਬਸਾਈਟ ਦੀ ਸਮਗਰੀ ਦੇ ਅਨੁਕੂਲ ਹੋਵੇ। ਕੁਝ ਕੁ ਆਮ ਟਾਪ ਲੈਵਲ ਦੇ ਡੋਮੇਨ ਵਿੱਚ .com, .edu, .org, ਅਤੇ .net ਸ਼ਾਮਲ ਹਨ, ਜੋ ਕ੍ਰਮਵਾਰ ਵਪਾਰਕ, ਸਿੱਖਿਆ, ਸੰਸਥਾ ਅਤੇ ਨੈਟਵਰਕ ਲਈ ਹਨ। ਇਸ ਵਿੱਚ ਹਾਈਫਨ ਸ਼ਾਮਲ ਨਹੀਂ ਹੋਣੇ ਚਾਹੀਦੇ। ਇਸ ਵਿਚ ਸ਼ਾਮਲ ਅੱਖਰਾਂ ਦੀ ਗਿਣਤੀ ਵੱਧ ਤੋਂ ਵੱਧ 63 ਹੋ ਸਕਦੀ ਹੈ।

### 4.2.2 ਡੋਮੇਨ ਨਾਮ ਨੂੰ ਰਜਿਸਟਰ ਕਰਨਾ :

ਡੋਮੇਨ ਨਾਮ ਬਾਰੇ ਫ਼ੈਸਲਾ ਕਰਨ ਤੋਂ ਬਾਅਦ ਅਸੀਂ ਇਸ ਨੂੰ ਰਜਿਸਟਰ ਕਰਾਉਣਾ ਹੈ।ਅਸੀਂ ਆਪਣੀ ਸਾਈਟ ਸਰਵਿਸ ਪ੍ਰੋਵਾਈਡਰ ਰਾਹੀਂ ਰਜਿਸਟਰ ਕਰ ਸਕਦੇ ਹਾਂ। ਸਰਵਿਸ ਪ੍ਰੋਵਾਈਡਰ ਸਾਨੂੰ ਇਕ ਫਾਰਮ ਭਰਨ ਲਈ ਕਹਿੰਦਾ ਹੈ ਅਤੇ ਇਸ ਦੇ ਰਜਿਸਟ੍ਰੇਸ਼ਨ ਲਈ ਫੀਸਾਂ ਵੀ ਲੈਂਦਾ ਹੈ। ਫਾਰਮ ਭਰਨ ਤੋਂ ਬਾਅਦ ਇਹ ਤਸਦੀਕ ਕੀਤਾ ਜਾਂਦਾ ਹੈ ਕਿ ਡੋਮੇਨ ਨਾਮ ਡਿਜ਼ਾਇਨਰ ਰਾਹੀਂ ਪ੍ਰਦਾਨ ਕੀਤੇ ਗਏ ਨਾਮ ਖਾਲੀ ਹੈ ਅਤੇ ਇਹ ਕਿਸੇ ਹੋਰ ਦੁਆਰਾ ਰਜਿਸਟਰਡ ਨਹੀਂ। ਜੇ ਨਾਮ ਉਪਲਬਧ ਹੈ ਤਾਂ ਈ-ਮੇਲ ਰਾਹੀਂ ਰਜਿਸਟ੍ਰੇਸ਼ਨ ਬਾਰੇ ਪੁਸ਼ਟੀ ਸੰਦੇਸ਼ ਡਿਜ਼ਾਇਨਰ ਨੂੰ ਪ੍ਰਾਪਤ ਹੋਵੇਗਾ।

### 4.2.3 ਇੱਕ ਸਰਵਰ ਚੁਣਨਾ :

ਸਾਈਟ ਨੂੰ ਇੰਟਰਨੈੱਟ 'ਤੇ ਪਬਲਿਸ਼ ਕਰਨ ਲਈ ਅਸੀਂ ਸਰਵਰ ਦੀ ਚੋਣ ਕਰਾਂਗੇ। ਇਹ ਬਹੁਤ ਮਹੱਤਵਪੂਰਨ ਕੰਮ ਹੈ ਅਤੇ ਇਸਦਾ ਬਹੁਤ ਮਹੱਤਵ ਹੈ। ਡਿਜ਼ਾਇਨਰ ਸਰਵਰ ਨੂੰ ਖਰੀਦ ਸਕਦਾ ਹੈ ਜਾਂ ਕਿਰਾਏ ਤੇ ਲੈ ਸਕਦਾ ਹੈ।ਜਿੱਥੇ ਸਾਡੀ ਸਾਈਟ ਨੂੰ ਸਥਾਈ ਤੌਰ ਤੇ ਰੱਖਿਆ ਜਾਂਦਾ ਹੈ। ਵੈਬ ਵਰਡ ਵਿਚ ਸਰਵਰ ਦੀ ਭੂਮਿਕਾ ਬਹੁਤ ਮਹੱਤਵਪੂਰਨ ਹੈ। ਅਜਿਹੇ ਇੱਕ ਖਾਸ ਸਰਵਰ ਦਾ ਨਾਮ ਵੈਬ ਸਰਵਰ ਹੈ। ਜਦੋਂ ਵੀ ਤੁਸੀਂ ਕਿਸੇ ਵੀ ਸਾਈਟ ਨੂੰ ਆਪਣੇ ਬ੍ਰਾਉਜ਼ਰ ਤੇ ਖੋਲ੍ਹਦੇ ਹੋ, ਇਹ ਸੰਬੰਧਿਤ ਸਰਵਰ ਨਾਲ ਜੁੜਦਾ ਹੈ। ਤੁਹਾਡੀ ਵੈੱਬਸਾਈਟ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਜ਼ਰੂਰੀ ਬੈਂਡਵਿਡਥ ਦੀ ਜ਼ਰੂਰਤ ਹੁੰਦੀ ਹੈ। ਬੈਂਡਵਿਡਥ ਉਹ ਡੇਟਾ ਟ੍ਰਾਂਸਫਰ ਦਾ ਰੇਟ ਹੈ ਜੋ ਕਿਸੇ ਨਿਸਚਿਤ ਸਮੇਂ ਵਿੱਚ ਕੀਤਾ ਜਾਵੇ।

ਤੁਹਾਨੂੰ ਹੋਰ ਬੈਂਡਵਿਡਥ ਖਰੀਦਣ ਦੀ ਜ਼ਰੂਰਤ ਹੋ ਸਕਦੀ ਹੈ ਕਿਉਂਕਿ ਜੇਕਰ ਤੁਹਾਡੀ ਵੈੱਬਸਾਈਟ ਦੀ ਵਰਤੋਂ ਵਧਦੀ ਹੈ ਤਾਂ ਤੁਹਾਡੇ ਵਿਜ਼ਟਰਾਂ ਨੂੰ ਲੈਗ ਦਾ ਅਨੁਭਵ ਹੋ ਸਕਦਾ ਹੈ, ਜੋ ਉਹਨਾਂ ਨੂੰ ਤੁਹਾਡੀ ਵੈਬਸਾਈਟ ਤੋਂ ਦੂਰ ਕਰ ਸਕਦਾ ਹੈ। ਕਈ ਮੇਜ਼ਬਾਨ ਸਰਵਰ ਤੁਹਾਡੀ ਵੈਬਸਾਈਟ ਨੂੰ ਬਣਾਉਣ ਵਿਚ ਤੁਹਾਡੀ ਮਦਦ ਕਰਨ ਲਈ ਸੌਫ਼ਟਵੇਅਰ ਵੀ ਪ੍ਰਦਾਨ ਕਰਦੇ ਹਨ।

### 4.2.4 ਵੈੱਬ ਪੇਜ਼ ਦਾ ਪ੍ਰਬੰਧ ਕਰਨਾ :

ਜੇਕਰ ਕਿਸੇ ਵਿਅਕਤੀ ਨੂੰ ਲੋੜੀਂਦੀ ਜਾਣਕਾਰੀ 30 ਸੈਕਿੰਡ ਦੇ ਅੰਦਰ ਅੰਦਰ ਤੁਹਾਡੀ ਵੈੱਬਸਾਈਟ ਤੇ ਨਹੀਂ ਲੱਭ ਰਹੀ ਹੈ, ਜੋ ਉਸ ਨੂੰ ਚਾਹੀਦੀ ਹੈ ਤਾਂ ਉਹ ਚਲਾ ਜਾਏਗਾ ਅਤੇ ਵਾਪਸ ਨਹੀਂ ਆਵੇਗਾ। ਆਪਣੀ ਵੈੱਬਸਾਈਟ ਨੂੰ ਹਿੱਸਿਆ ਵਿੱਚ ਵੰਡਣਾ ਅਤੇ ਉਹਨਾਂ ਨੂੰ ਵਿਵਸਥਿਤ ਕਰਨਾ ਅਤੇ ਫਿਰ ਹਰੇਕ ਪੰਨੇ ਦੇ ਸਿਖਰ 'ਤੇ ਉਨ੍ਹਾਂ ਸੈਕਸ਼ਨਾਂ ਨੂੰ ਲਿੰਕ ਪ੍ਰਦਾਨ ਕਰਨਾ ਤੁਹਾਡੀ ਵੈੱਬਸਾਈਟ ਨੂੰ ਨੈਵੀਗੇਟ ਕਰਨ ਲਈ ਸੌਖਾ ਅਤੇ ਪ੍ਰਭਾਵਸ਼ਾਲੀ ਤਰੀਕਾ ਹੈ। ਵੈਬਪੇਜ ਸੁੰਦਰ ਢੰਗ ਨਾਲ ਸੰਗਠਿਤ ਹੋਣਾ ਚਾਹੀਦਾ ਹੈ। ਇਸ ਲਈ ਕਿ ਇਹ ਇੱਕ ਸੰਤੁਲਿਤ ਦ੍ਰਿਸ਼ ਪੇਸ਼ ਕਰਦਾ ਹੈ। ਵੈਬਪੇਜ ਨੂੰ ਬਣਾਉਣ ਸਮੇਂ ਪੇਜ ਦਾ ਆਕਾਰ ਇੱਕ ਮਹੱਤਵਪੂਰਨ ਨੁਕਤਾ ਹੈ। ਵੈਬਪੇਜ ਨੂੰ ਡਿਜ਼ਾਈਨ ਕਰਦੇ ਸਮੇਂ ਹੇਠ ਦਿੱਤੇ ਪੁਆਇੰਟਾਂ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ।

1. ਇੱਕ ਵੈਬ ਪੇਜ ਦਾ ਸਾਈਜ਼ ਦੋ ਸਕਰੀਨਾਂ ਤੋਂ ਵੱਧ ਨਹੀਂ ਹੋਣਾ ਚਾਹੀਦਾ ਹੈ। ਜੇ ਸਾਨੂੰ ਲੰਮੇ ਸਫੇ ਦਾ ਉਪਯੋਗ ਕਰਨਾ ਪਵੇ ਤਾਂ ਬੁੱਕਮਾਰਕ ਰਾਹੀਂ ਇੰਟਰਨੈਟ ਲਿੰਕ ਸਥਾਪਿਤ ਕਰੋ।
2. ਜੇ ਤੁਹਾਡਾ ਡਾਕੂਮੈਂਟ ਇੱਕ ਸਕਰੀਨ ਤੋਂ ਲੰਮਾ ਹੈ ਤਾਂ ਦਰਸ਼ਕਾਂ ਲਈ ਇਸਦਾ ਸਿਰਫ ਇੱਕ ਹਿੱਸਾ ਦਿਖਾਓ ਅਤੇ ਬਾਕੀ ਹਿੱਸਾ ਜੋ ਸਿਰਫ ਉਹਨਾਂ ਦੀ ਮੰਗ / ਜ਼ਰੂਰਤ ਤੇ ਦਿਖਾਇਆ ਗਿਆ ਹੋਵੇ।

### 4.2.5 ਦਿੱਖ :

ਵੈੱਬਪੇਜ ਦੀ ਦਿੱਖ ਵਧੀਆ ਹੋਣੀ ਚਾਹੀਦੀ ਹੈ, ਤਾਂ ਜੋ ਇਸ ਨੂੰ ਪੜ੍ਹਨ ਲਈ ਯੂਜ਼ਰ ਆਕਰਸ਼ਤ ਹੋ ਸਕਣ। ਇੱਕ ਚੰਗੀ ਦਿੱਖ ਲਈ, ਇੱਕ ਵੈਬਪੇਜ ਵਿੱਚ ਗਰਾਫਿਕਸ, ਐਨੀਮੇਸ਼ਨ, ਆਵਾਜ਼ ਅਤੇ ਵੀਡੀਓ ਕਲਿੱਪਸ ਨੂੰ ਜੋੜਨਾ ਚਾਹੀਦਾ ਹੈ। ਵੈੱਬਪੇਜ ਦੇ ਵੱਖ ਵੱਖ ਕੰਨਟੈਂਟਸਮੱਗਰੀਆਂ ਵਿੱਚ ਵਿਭਿੰਨਤਾ ਦਾ ਪ੍ਰਭਾਵ ਅਤੇ ਇੱਕ ਸੁੰਦਰ ਨਜ਼ਰੀਆ ਹੋਣਾ ਚਾਹੀਦਾ ਹੈ। ਸਹੀ ਫੌਂਟ ਅਕਾਰ / ਰੰਗ, ਬੈਕਗ੍ਰਾਉਂਡ ਰੰਗ, ਟੇਬਲ, ਗ੍ਰਾਫ ਆਦਿ ਦੀ ਵਰਤੋਂ ਸਾਈਟ ਨੂੰ ਚੰਗੀ ਦਿੱਖ ਦਿੰਦੇ ਹਨ।

### 4.2.6 ਆਪਣਾ ਕੋਡ ਵੈਲੀਡੇਟ ਕਰਨਾ :

ਤੁਹਾਡੇ HTML, CSS, XHTML, JavaScript, ਅਤੇ XML ਕੋਡਾਂ ਨੂੰ ਪਰਖਿਆ ਜਾਵੇ, ਕਿ ਤੁਹਾਡੀ ਵੈਬਸਾਈਟ ਦਾ ਕੋਡ ਸਹੀ ਹੈ ਤੇ ਉਸ ਤਰਾਂ ਕੰਮ ਕਰ ਰਹੇ ਹਨ ਜਿਸ ਤਰ੍ਹਾਂ ਤੁਹਾਡੇ ਵੈਬਸਾਈਟ ਦੇ ਦਰਸ਼ਕਾਂ ਦੀ ਜਰੂਰਤ ਹੈ। ਕਈ ਪ੍ਰੋਗਰਾਮਾਂ ਨੂੰ ਆਨਲਾਈਨ ਉਪਲੱਬਧ ਕਰਵਾਇਆ ਜਾਂਦਾ ਹੈ ਜੋ ਹਰੇਕ ਪ੍ਰਕਾਰ ਦੇ ਕੋਡ ਨੂੰ ਵੈਲੀਡੇਟ ਕਰਦੇ ਹਨ।

### 4.2.7 ਔਫਲਾਈਨ ਟੈਸਟਿੰਗ :

ਸਾਰੇ ਵੈਬਪੇਜਾਂ ਨੂੰ ਡਿਜ਼ਾਇਨ ਕਰਨ ਤੋਂ ਬਾਅਦ ਇਸਦੀ ਵੱਖ ਵੱਖ ਬ੍ਰਾਉਜ਼ਰ 'ਤੇ ਜਾਂਚ ਕੀਤੀ ਜਾਂਦੀ ਹੈ। ਇਸ ਟੈਸਟਿੰਗ ਲਈ ਕੋਈ ਇੰਟਰਨੈਟ ਕਨੈਕਸ਼ਨ ਦੀ ਜ਼ਰੂਰਤ ਨਹੀਂ ਹੁੰਦੀ। ਇਸ ਲਈ ਇਸਨੂੰ ਆਫਲਾਈਨ ਟੈਸਟ ਕਿਹਾ ਜਾਂਦਾ ਹੈ।ਔਫਲਾਈਨ ਟੈਸਟ ਵਿੱਚ ਸਭ ਤੋਂ ਪਹਿਲਾਂ ਹੋਮ ਪੇਜ ਨੂੰ ਬ੍ਰਾਉਜ਼ਰ ਵਿੱਚ ਖੋਲ੍ਹਿਆ ਜਾਂਦਾ ਹੈ। ਫੇਰ ਅਸੀਂ ਸਾਰੇ ਲਿੰਕ ਪੇਜ ਇਕ-ਇਕ ਕਰਕੇ ਵੇਖਦੇ ਹਾਂ ਡਿਜ਼ਾਇਨਰ ਨੂੰ ਇੱਥੇ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਸਾਰੇ ਪੰਨਿਆਂ ਦਾ ਚੰਗੀ ਦਿੱਖ ਹੈ। ਤੁਹਾਨੂੰ ਆਪਣੀ ਵੈਬਸਾਈਟ ਦੀ ਪੂਰੀ ਤਰ੍ਹਾਂ ਜਾਂਚ ਕਰਨ ਦੀ ਜਰੂਰਤ ਹੈ ਕਿ ਤੁਹਾਡੇ ਡਿਜ਼ਾਇਨ ਅਤੇ ਪੇਜ ਦਾ ਢਾਂਚਾ ਵਿਉਂਤ ਮੁਤਾਬਿਕ ਪ੍ਰਦਸ਼ਿਤ ਹੈ। ਖਾਸ ਤੌਰ ਤੇ, ਆਪਣੀ ਵੈੱਬਸਾਈਟ ਨੂੰ ਕਰੋਮ, ਫਾਇਰਫਾਕਸ, ਇੰਟਰਨੈੱਟ ਐਕਸਪਲੋਰਰ, ਓਪੇਰਾ ਅਤੇ ਸਫਾਰੀ ਸਮੇਤ ਸਭ ਤੋਂ ਵੱਧ ਪ੍ਰਸਿੱਧ ਬਰਾਊਜ਼ਰਾਂ ਨਾਲ ਵੇਖੋ। ਕਿਉਂਕਿ ਉਹ ਬ੍ਰਾਉਜ਼ਰ ਬਹੁਤ ਸਾਰੇ ਲੋਕਾਂ ਦੁਆਰਾ ਵਰਤੇ ਜਾਂਦੇ ਹਨ ਜੋ ਇੰਟਰਨੈਟ ਵੇਖ ਰਹੇ ਹਨ। ਤੁਹਾਨੂੰ ਆਪਣੀ ਸਾਈਟ ਨੂੰ ਵੱਖ ਵੱਖ ਬ੍ਰਾਉਜ਼ਰ ਤੇ ਵੀ ਪਰਖਣਾ ਚਾਹੀਦਾ ਹੈ।

### 4.2.8 ਸਾਈਟ ਨੂੰ ਅੱਪਲੋਡ ਕਰਨਾ :

ਸਾਰੇ ਦਰਸ਼ਕਾਂ ਲਈ ਸਾਈਟ ਨੂੰ ਉਪਲਬਧ ਕਰਾਉਣ ਦੀ ਕਿਰਿਆ ਨੂੰ ਅਪਲੋਡ ਕਿਹਾ ਜਾਂਦਾ ਹੈ। ਵੈੱਬ ਪੇਜਾਂ ਨੂੰ ਹੋਸਟ ਤੇ ਟ੍ਰਾਂਸਫਰ ਕਰਨ ਲਈ ਸਾਨੂੰ ਫ਼ਾਈਲ ਟ੍ਰਾਂਸਫਰ ਪ੍ਰੋਟੋਕਾਲ (FTP) ਕਲਾਈਂਟ ਦੀ ਜ਼ਰੂਰਤ ਹੈ।ਇਸ ਉਦੇਸ਼ ਲਈ ਪਹਿਲਾਂ ਅਸੀਂ ਫ਼ਾਈਲ ਟ੍ਰਾਂਸਫਰ ਪ੍ਰੋਟੋਕਾਲ (FTP) ਪ੍ਰੋਗ੍ਰਾਮ ਕਿਊਟ ਐਫ.ਟੀ.ਪੀ. ਨੂੰ ਸੈਟ ਕਰਦੇ ਹਾਂ। ਫੇਰ ਆੱਨਲਾਈਨ ਆਉਣ ਤੋਂ ਬਾਅਦ ਆਪਣੀ ਫਾਈਲ ਅਪਲੋਡ ਕਰੋ।ਤੁਹਾਡੇ ਕੰਪਿਊਟਰ ਤੇ ਤੁਹਾਡੀ ਵੈਬਸਾਈਟ ਦੀ ਕਾਪੀ ਨੂੰ ਲੋਕਲ ਵਰਜ਼ਨ ਕਿਹਾ ਜਾਂਦਾ ਹੈ। ਅਤੇ ਵੈਬ ਹੋਸਟ ਉੱਤੇ ਕਾਪੀ ਨੂੰ ਪ੍ਰੋਡਕਸ਼ਨ ਵਰਜਨ ਕਿਹਾ ਜਾਂਦਾ ਹੈ।

### 4.2.9 ਔਨਲਾਈਨ ਟੈਸਟਿੰਗ :

ਜਦੋਂ ਤੁਹਾਡੀ ਸਾਈਟ ਔਨਲਾਈਨ ਅਪਲੋਡ ਕੀਤੀ ਜਾਂਦੀ ਹੈ, ਤਾਂ ਅਗਲਾ ਕਦਮ ਇਸ ਦੀ ਔਨਲਾਈਨ ਟੈਸਟਿੰਗ ਹੁੰਦੀ ਹੈ। ਇੰਟਰਨੈਟ ਕਨੈਕਸ਼ਨ ਬਣਾਉ, ਬ੍ਰਾਊਜ਼ਰ ਨੂੰ ਖੋਲ੍ਹੋ, ਅਤੇ ਆਪਣੀ ਸਾਈਟ ਦਾ URL ਟਾਈਪ ਕਰੋ ਅਤੇ ਜਾਂਚ ਕਰੋ ਕਿ ਤੁਹਾਡੀ ਸਾਈਟ ਦੇ ਸਾਰੇ ਲਿੰਕ ਸਹੀ ਕੰਮ ਕਰ ਰਹੇ ਹਨ।

### 4.2.10 SEO-(ਸਰਚ ਇੰਜਣ ਓਪਟੀਮਾਈਜੇਸ਼ਨ) :

ਮੈਟਾ ਅਤੇ ALT ਟੈਗਜ਼ ਦੀ ਵਰਤੋਂ ਇਹ ਯਕੀਨੀ ਬਣਾਉਣ ਲਈ ਕੀਤੀ ਜਾਦੀ ਹੈ ਵੈਬਸਾਈਟ ਯੂਜ਼ਰ ਵੱਲੋਂ ਸਰਚ ਕੀਤੇ ਜਾਣ ਵਾਲੇ ਕੀਵਰਡ ਨੂੰ ਸਹੀ ਦਰਸਾਉਂਦੀ ਹੈ ਅਤੇ ਸਗੋਂ ਵੈਬਸਾਈਟ ਤੇ ਸਰਚ ਕਰਨ ਨਾਲ ਸੰਬੰਧਿਤ ਕੰਟੈਂਟ ਨੂੰ ਵੀ ਵਿਖਾਉਂਦੀ ਹੈ । ਇਸ ਤਰ੍ਹਾਂ ਕਰਨ ਨਾਲ ਯੂਜਰਸ ਦੀ ਦਿਲਚਸਪੀ ਵਧੇਗੀ ਅਤੇ ਤੁਹਾਡੀ ਵੈਬਸਾਈਟ 'ਤੇ ਹੋਰ ਵਿਜਟਿਸ ਹੋਣਗੀਆਂ। ALT ਟੈਗਸ ਕੇਵਲ ਤੁਹਾਡੀ ਵੈਬਸਾਈਟ 'ਤੇ ਤਸਵੀਰਾਂ ਦੇ ਨਾਲ ਜਾਣ ਲਈ ਇੱਕ ਲਿਖਤ ਵੇਰਵਾ ਹੈ, ਅਤੇ ਇਸ ਲਈ ਉਹਨਾਂ ਨੂੰ ਸਰਚ ਇੰਜਣ ਅਤੇ ਯੂਜਰਸ ਨੂੰ ਦੱਸਣਾ ਜ਼ਰੂਰੀ ਹੈ ਕਿ ਤੁਹਾਡੀ ਵੈਬਸਾਈਟ' ਤੇ ਕਿਹੋ ਜਿਹੀਆਂ ਤਸਵੀਰਾਂ ਹਨ।

### 4.2.11 Installing website analytics (ਵੈੱਬਸਾਈਟ ਐਨਾਲਟਿਕਿਸ ਇਨਸਟਾਲ ਕਰਨਾ) :

ਆਪਣੀ ਵੈੱਬਸਾਈਟ ਦੀ ਸਫਲਤਾ ਅਤੇ ਮੌਜੂਦਾ ਸਥਿਤੀ ਦਾ ਪਤਾ ਲਗਾਉਣ ਲਈ ਵੈਬਸਾਈਟ ਵਿਸ਼ਲੇਸ਼ਣ ਸਥਾਪਿਤ ਕਰੋ । ਇਸ ਨਾਲ ਤੁਸੀਂ ਨਿਰੀਖਣ ਕਰਨ ਦੇ ਯੋਗ ਹੋਵੋਗੇ ਉਹ ਤੁਹਾਡੀ ਵੈਬਸਾਈਟ 'ਤੇ ਮਿਲਣ ਵਾਲੇ ਮੁਲਾਕਾਤਾਂ ਦੀ ਗਿਣਤੀ, ਵਿਜ਼ਟਰਾਂ ਦੇ ਰਹਿਣ ਵਾਲੇ ਸਮੇਂ ਦੀ ਗਿਣਤੀ, ਹਰ ਇੱਕ ਵਿਜ਼ਟਰ ਲਈ ਪੇਜ ਵਿਊਜ਼ ਦੀ ਔਸਤ ਗਿਣਤੀ ਅਤੇ ਕਈ ਹੋਰ ਉਪਯੋਗੀ ਅੰਕੜੇ ਸ਼ਾਮਲ ਹਨ। ਅਜਿਹੇ ਸੌਫਟਵੇਅਰ ਦੀ ਵਰਤੋਂ ਕਰਨ ਨਾਲ ਤੁਸੀਂ ਆਪਣੀ ਵੈਬਸਾਈਟ ਦੇ ਪ੍ਰਭਾਵ ਵਧਾਉਣ ਅਤੇ ਵਿਵਸਥਾ ਕਰਨ ਦੇ ਯੋਗ ਹੋਵੋਗੇ।

## *4.3* ਵੈਬਸਾਈਟ ਨੂੰ ਪਬਲਿਸ਼ ਕਰਨ ਲਈ ਕੁਝ ਅਹਿਮ ਪਹਿਲੂ :

**4.3.1 ਸਰਚ ਇੰਜਨ ਔਪਟੀਮਾਇਜ਼ੇਸ਼ਨ (SEO):** ਸਰਚ ਇੰਜਨ ਔਪਟੀਮਾਈਜੇਸ਼ਨ ਇਕ ਸਰਚ ਇੰਜਨ ਦੇ ਖੋਜ ਨਤੀਜਿਆਂ ਦੇ ਵੈਬਪੇਜ਼ ਵਿਚ ਉੱਚ ਦਰਜਾਬੰਦੀ ਪਲੇਸਮੈਂਟ ਪ੍ਰਾਪਤ ਕਰਕੇ ਵੈਬਸਾਈਟ ਨੂੰ ਆਉਣ ਵਾਲੇ ਲੋਕਾਂ ਦੀ ਗਿਣਤੀ ਵਧਾਉਣ ਲਈ ਵਰਤੀਆਂ ਜਾਣ ਵਾਲੀਆਂ ਰਣਨੀਤੀਆਂ, ਤਕਨੀਕਾਂ ਆਦਿ ਦੀ ਇੱਕ ਕਾਰਜ-ਪ੍ਰਣਾਲੀ ਹੈ ।ਜਿਸ ਵਿੱਚ ਸ਼ਾਮਲ ਸਰਚ ਇੰਜਣ ਹਨ :- Google, Bing, Yahoo ਅਤੇ ਹੋਰ ਸਰਚ ਇੰਜਣ।

ਐਸਈਓ ਇਹ ਯਕੀਨੀ ਬਣਾਉਣ ਵਿਚ ਸਹਾਇਤਾ ਕਰਦਾ ਹੈ ਕਿ ਕਿਸੇ ਸਾਈਟ ਨੂੰ ਕਿਸੇ ਖੋਜ ਇੰਜਣ ਲਈ ਪਹੁੰਚਯੋਗ ਬਣਾਇਆ ਜਾਵੇ ਅਤੇ ਸੰਭਾਵਨਾਵਾਂ ਨੂੰ ਸੁਧਾਰਿਆ ਜਾਵੇ ਕਿ ਸਾਈਟ ਸਰਚ ਇੰਜਣ ਦੁਆਰਾ ਲੱਭ ਲਈ ਜਾਵੇਗੀ। ਐਸਈਓ ਅਜਿਹੀਆਂ ਪ੍ਰੈਕਟਿਸਾਂ ਦਾ ਸਮੂਹ ਹੈ ਜੋ ਵੈਬਮਾਸਟਰਸ ਅਤੇ ਵੈਬ ਕੰਟੈਂਟ ਉਤਪਾਦਕ ਖੋਜ ਇੰਜਣ ਨਤੀਜਿਆਂ ਵਿੱਚ ਬਿਹਤਰ ਰੈਂਕ ਪ੍ਰਾਪਤ ਕਰਨ ਵਿੱਚ ਉਹਨਾਂ ਦੀ ਮਦਦ ਕਰਨ ਲਈ ਵਰਤੇ ਜਾਂਦੇ ਹਨ।

### 4.3.2 ਸੋਸ਼ਲ ਮੀਡੀਆ ਮਾਰਕੀਟਿੰਗ (SMM):

ਇੰਟਰਨੈਟ ਮਾਰਕੀਟਿੰਗ ਦਾ ਇੱਕ ਰੂਪ ਹੈ ਜੋ ਸੋਸ਼ਲ ਨੈਟਵਰਕਿੰਗ ਵੈਬਸਾਈਟ ਨੂੰ ਇੱਕ ਮਾਰਕੀਟਿੰਗ ਟੂਲ ਦੇ ਰੂਪ ਵਿੱਚ ਉਪਯੋਗ ਕਰਦੀ ਹੈ।ਐਸ ਐਮ ਐਮ ਦਾ ਟੀਚਾ ਉਹ ਸਮੱਗਰੀ ਤਿਆਰ ਕਰਨਾ ਹੈ ਜੋ ਉਪਭੋਗਤਾ ਆਪਣੇ ਸੋਸ਼ਲ ਨੈਟਵਰਕ ਨਾਲ ਸਾਂਝਾ ਕਰਨਗੇ ਤਾਂ ਕਿ ਕੰਪਨੀ ਦੀ ਬ੍ਰਾਂਡ ਐਕਸਪੋਜਰ ਵਧਾਉਣ ਅਤੇ ਗਾਹਕਾਂ ਦੀ ਪਹੁੰਚ ਨੂੰ ਵਧਾਉਣ ਵਿੱਚ ਮਦਦ ਕੀਤੀ ਜਾ ਸਕੇ।

SMM ਦੇ ਮੁੱਖ ਭਾਗਾਂ ਵਿੱਚੋਂ ਇੱਕ ਸੋਸ਼ਲ ਮੀਡੀਆ ਓਪਟੀਮਾਈਜੇਸ਼ਨ (SMO) ਹੈ ਖੋਜ ਇੰਜਨ ਔਪਟੀਮਾਈਜੇਸ਼ਨ (ਐਸਈਓ) ਵਾਂਗ, ਐਸ.ਐਮ.ਓ. ਇਕ ਵੈਬਸਾਈਟ ਵਿਚ ਨਵੇਂ ਅਤੇ ਵਿਲੱਖਣ ਵਿਜ਼ਟਿਰਜ਼ ਨੂੰ ਖਿੱਚਣ ਲਈ ਇਕ ਰਣਨੀਤੀ ਹੈ। ਐਸ.ਐਮ.ਓ. ਨੂੰ ਦੋ ਢੰਗਾਂ ਨਾਲ ਕੀਤਾ ਜਾ ਸਕਦਾ ਹੈ। ਕੰਨਟੈਂਟ ਨਾਲ ਸੋਸ਼ਲ ਮੀਡੀਆ ਲਿੰਕ ਬਟਨ ਸ਼ੇਅਰ ਕਰਕੇ - ਜਾਂ ਸਟੈਟਸ ਜਾਂ ਟਵੀਟਸ ਨੂੰ ਅੱਪਡੇਟ ਜਾਂ ਬਲੋਗ ਪੋਸਟ ਕਰਕੇ ।

ਐੱਸ ਐੱਮ ਐੱਮ ਕੰਪਨੀ ਨੂੰ ਗਾਹਕਾਂ (ਅਤੇ ਸੰਭਾਵੀ ਗਾਹਕਾਂ) ਤੋਂ ਸਿੱਧੀ ਫੀਡਬੈਕ ਪ੍ਰਾਪਤ ਕਰਨ ਵਿੱਚ ਮਦਦ ਕਰਦੀ ਹੈ। ਜੋ ਕਿ ਕੰਪਨੀ ਨੂੰ ਵਧੇਰੇ ਪਰਸਨੇਬਲ ਬਣਾਉਂਦੀ ਹੈ। ਐਸਐਮਐਮ ਟਵਿੱਟਰ, ਫੇਸਬੁੱਕ, ਮਾਈਸਪੇਸ, ਲਿੰਕਡਇਨ ਅਤੇ ਯੂਟਿਊਬ ਵਰਗੀਆਂ ਵੈਬਸਾਈਟਾਂ ਦੀ ਵਧਦੀ ਪ੍ਰਸਿੱਧੀ ਨਾਲ ਵਧੇਰੇ ਆਮ ਹੋ ਗਈ ਹੈ।

## 4.4 ਵੈੱਬ ਸਾਈਟ ਨੂੰ ਪਬਲਿਸ਼ ਕਰਨ ਸਮੇਂ ਕੁਝ ਮਹੱਤਵਪੂਰਨ ਦਿਸ਼ਾ-ਨਿਰਦੇਸ਼ ਜਾਂ ਚੈਕਲਿਸਟ :

ਦਿਸ਼ਾ-ਨਿਰਦੇਸ਼ ਜਾਂ ਚੈੱਕ-ਲਿਸਟ

### 4.4.1 Page Content (ਪੇਜ਼ ਕੰਟੈਂਟ):

1. ਸਪੈਲਿੰਗ ਅਤੇ ਗਰਾਮਰ(ਵਿਆਕਰਨ), ਪੈਰਾਗ੍ਰਾਫ, ਹੈਡਰ, ਸੂਚੀ, ਅਤੇ ਹੋਰ ਫਾਰਮੈਟਿੰਗ ਸਹੀ ਹੋਣੇ ਚਾਹੀਦੇ ਹਨ।
2. ਕੰਪਨੀ ਦੇ ਸੰਪਰਕ ਵੇਰਵੇ ਪੂਰੇ ਵੈੱਬਸਾਈਟ 'ਤੇ ਸਹੀ ਹੋਣੇ ਚਾਹੀਦੇ ਹਨ।
3. ਇਮੇਜ਼(ਚਿੱਤਰ) ਅਤੇ ਆਡੀਓ ਅਤੇ ਵੀਡਿਓ ਸਹੀ ਜ਼ਗ੍ਹਾ ਤੇ, ਫਾਰਮੈਟ ਕੀਤੇ ਹਨ ਅਤੇ ਸਾਰੇ ਡਿਵਾਈਸਿਸ ਤੇ ਕੰਮ ਕਰਦੇ ਹੋਣੇ ਚਾਹੀਦੇ ਹਨ।

### 4.4.2 ਡਿਜ਼ਾਈਨ :

ਇਹ ਯਕੀਨੀ ਬਣਾਉਣ ਲਈ ਜ਼ਰੂਰੀ ਕਦਮ ਚੁੱਕੋ ਕਿ ਸਾਈਟ ਡਿਜਾਇਨ ਪਿਕਸਲ ਪ੍ਰਫੈਕਟ ਹੋਵੇ। ਜੇ ਤੁਹਾਡੇ ਕੋਲ ਇੱਕ ਜਵਾਬਦੇਹ ਵੈਬਸਾਈਟ ਹੈ, ਤਾਂ ਤੁਹਾਨੂੰ ਸਾਰੇ ਡਿਵਾਈਸਿਸ ਵਿੱਚ ਡਿਜ਼ਾਇਨ ਦੀ ਜਾਂਚ ਕਰਨ ਦੀ ਲੋੜ ਹੈ। ਤੁਹਾਡੀ ਸਾਈਟ ਨੂੰ ਦਫ਼ਤਰ ਦੇ ਡੈਸਕਟੌਪ ਤੇ ਹੀ ਨਹੀਂ ਬਲਕਿ ਲੈਪਟਾਪ, ਟੈਬਲੇਟ ਅਤੇ ਮੋਬਾਈਲ ਫੋਨ 'ਤੇ ਵਧੀਆ ਦਿਖਣੀ ਚਾਹੀਦੀ ਹੈ।

### 4.4.3 ਕਾਰਜਸ਼ੀਲਤਾ (Functionality) :

ਵੈਬਸਾਈਟ 'ਤੇ ਸਾਰੀਆਂ ਵੱਖ ਵੱਖ ਵਿਸ਼ੇਸ਼ਤਾਵਾਂ ਦੀ ਜਾਂਚ ਕਰਨ ਅਤੇ ਪ੍ਰਮਾਣਿਤ ਕਰਨ ਲਈ ਕੁਝ ਸਮਾਂ ਲਓ। ਲੀਡ ਜ਼ਨਰੇਸ਼ਨ ਫਾਰਮ ਦੇ ਰੂਪ, ਸੋਸ਼ਲ ਸ਼ੇਅਰਿੰਗ, ਆਪਣੀ ਵੈਬਸਾਈਟ ਤੇ ਪੂਰੀ ਤਰ੍ਹਾਂ ਕੰਮ ਕਰਨੇ ਚਾਹੀਦੇ ਹਨ। ਜਿਵੇਂ ਕਿ :

1. ਫਾਰਮ ਨੂੰ ਪੇਸ਼ ਕਰਨ ਤੋਂ ਬਾਅਦ ਤੁਹਾਡਾ ਧੰਨਵਾਦ-ਸੰਦੇਸ਼ ਜਾਂ ਪੇਜ਼ ਡਿਸਪਲੇ।
2. ਕੰਪਨੀ ਦਾ ਲੋਗੋ ਹੋਮਪੇਜ ਨਾਲ ਜੁੜਿਆ ਹੋਇਆ ਹੈ।
3. ਸਾਈਟ ਪੰਨਿਆਂ ਲਈ ਲੋਡ ਸਮਾਂ ਆਪਟੀਮਾਈਜ਼ਡ ਕੀਤਾ ਗਿਆ ਹੈ।

### 4.4.4 ਐਸਈਓ (SEO):

ਇਹ ਯਕੀਨੀ ਬਣਾਉਣ ਲਈ ਕੁਝ ਸਮਾਂ ਲਓ ਕਿ ਤੁਹਾਡੀ ਵੈਬਸਾਈਟ ਨੂੰ ਐਸਈਓ ਦੀ ਸਫਲਤਾ ਲਈ ਇੱਕ ਠੋਸ ਆਧਾਰ ਪ੍ਰਦਾਨ ਕੀਤਾ ਗਿਆ ਹੈ। ਸਾਈਟ ਆਰਕੀਟੈਕਚਰ ਅਤੇ ਕੰਨਟੈਂਟ ਦੇ ਵਰਜਨਾਂ ਤੋਂ ਮੈਟਾਡੇਟਾ ਤੱਕ ਕੋਈ ਵੀ ਕਸਰ ਨਾ ਛੱਡੋ ਜਿਵੇਂ ਕਿ :

1. ਵੈਬਪੇਜ਼ਾਂ ਦੇ ਵਿਲੱਖਣ ਪੇਜ ਟਾਈਟਲ ਹੁੰਦੇ ਹਨ।(70 ਕਰੈਕਟਰ ਤੋਂ ਘੱਟ, ਕੀਅ ਵਰਡਜ਼ ਵੀ ਸ਼ਾਮਲ ਹਨ।)
2. ਵੈਬਪੇਜ਼ ਕੋਲ ਕੀਅਵਰਡਜ਼ ਹਨ (10 ਤੋਂ ਘੱਟ, ਸਾਰੇ ਸ਼ਬਦ ਪੇਜ ਕਾਪੀ ਵਿਚ ਦਿਖਾਈ ਦਿੰਦੇ ਹਨ) ।
3. ਸਪੈਲਿੰਗ ਅਤੇ ਵਿਆਕਰਨ ਸਾਰੇ ਜਾਣਕਾਰੀ ਵਿੱਚ ਸਹੀ ਹਨ।
4. Alt ਟੈਗ ਨੂੰ ਹਰੇਕ ਚਿੱਤਰ ਵਿੱਚ ਜੋੜਿਆ ਗਿਆ ਹੈ।

### 4.4.5 ਸੁਰੱਖਿਆ (Security) ਅਤੇ ਬੈਕਅੱਪ :

ਤੁਸੀਂ ਡਾਟਾ ਨਸ਼ਟ ਹੋਣ ਤੋਂ ਰੋਕ ਸਕਦੇ ਹੋ ਅਤੇ ਸਾਈਟ ਦੀ ਸੁਰੱਖਿਆ ਅਤੇ ਨਿਯਮਿਤ ਬੈਕਅੱਪ ਸਥਾਪਤ ਕਰਕੇ ਮਾਲਵੇਅਰ ਅਤੇ ਹੋਰ ਨੁਕਸਾਨਾਂ ਤੋਂ ਬਚਾ ਸਕਦੇ ਹੋ। ਜਿਵੇਂ ਕਿ :

1. 24X7 ਨਿਗਰਾਨੀ ਸਕਰਿਪਟ ਇੰਸਟਾਲ ਕੀਤੇ ਜਾਣੇ ਚਾਹੀਦੇ ਹਨ।
2. ਬੈਕ-ਅਪ ਮੰਤਵਾਂ ਲਈ ਫਾਈਨਲ ਵੈਬਸਾਈਟ ਦੀ ਇੱਕ ਕਾਪੀ ਕੀਤੀ ਗਈ ਹੈ।
3. ਵੈੱਬਸਾਈਟ ਦੀਆਂ ਚੱਲ ਰਹੀਆਂ ਕਾਪੀਆਂ ਨਿਯਮਿਤ ਆਧਾਰ 'ਤੇ ਬਣਾਈਆਂ ਅਤੇ ਸਟੋਰ ਕੀਤੀਆਂ ਜਾ ਰਹੀਆਂ ਹਨ।

4. ਪਾਸਵਰਡ ਅਤੇ ਹੋਰ ਵੈਬਸਾਈਟ ਕ੍ਰੈਡੈਂਸ਼ੀਅਲ ਇੱਕ ਸੁਰੱਖਿਅਤ ਡਾਟਾਬੇਸ ਵਿੱਚ ਸਟੋਰ ਕੀਤੇ ਜਾਂਦੇ ਹਨ।

### 4.4.6 ਅਨੁਕੂਲਤਾ (Compliance):

ਅੰਤ ਵਿੱਚ, ਯਕੀਨੀ ਬਣਾਓ ਕਿ ਤੁਹਾਡੀ ਵੈਬਸਾਈਟ ਕਿਸੇ ਵੀ ਲਾਗੂ ਕਾਨੂੰਨ ਅਤੇ ਨਿਯਮਾਂ ਦੀ ਪਾਲਣਾ ਕਰਦੀ ਹੈ। ਇੰਟਰਨੈੱਟ ਕਨੂੰਨ ਦੀ ਪਾਲਣਾ ਜਰੂਰੀ ਹੈ, ਅਤੇ ਹਰੇਕ ਇੰਡਸਟਰੀ ਦੇ ਆਪਣੇ ਨਿਯਮਾਂ ਦਾ ਸੈੱਟ ਹੁੰਦਾ ਹੈ। ਇੱਥੇ ਕੁਝ ਨਿਯਮ ਹਨ, ਜਿਹਨਾਂ ਬਾਰੇ ਤੁਹਾਨੂੰ ਪਤਾ ਹੋਣਾ ਚਾਹੀਦਾ ਹੈ।

1. ਵੈਬ ਪੇਜ ਡਿਸਏਬਲਟੀ ਵਾਲੇ ਉਪਭੋਗਤਾਵਾਂ ਲਈ ਪਹੁੰਚਯੋਗਤਾ ਪ੍ਰਦਾਨ ਕਰਦੇ ਹਨ।
2. ਨਿਯਮ ਅਤੇ ਪਰਾਈਵੇਸੀ ਪਾਲਸੀ ਵੈਬਸਾਈਟ ਦੇ ਵਿਜ਼ਟਿਰਜ਼ ਨੂੰ ਦਿਖਾਈ ਦੇ ਰਹੀਆਂ ਹਨ।

## 4.3 ਪ੍ਰੋਜੈਕਟ :

### ਪ੍ਰਾਜੈਕਟ: ਸਕੂਲ ਦੀ ਵੈੱਬਸਾਈਟ:

ਅਸੀਂ ਇਕ ਵੈਬਸਾਈਟ ਦੇ ਵੇਰਵੇ, ਅਪਲੋਡ ਕਰਨ ਦੀ ਯੋਜਨਾ ਅਤੇ ਔਨਲਾਈਨ ਟੈਸਟਿੰਗ ਆਦਿ ਦੇ ਬਾਰੇ ਵਿੱਚ ਸਿੱਖਿਆ ਹੈ। ਆਓ ਹੁਣ **"ਸਕੂਲ ਵੈੱਬਸਾਈਟ"** ਦੇ ਵਿਸ਼ੇ ਤੇ ਇੱਕ ਪ੍ਰੋਜੈਕਟ ਤਿਆਰ ਕਰੀਏ।

ਪ੍ਰੋਜੈਕਟ ਬਣਾਉਣ ਲਈ ਪਹਿਲਾਂ ਨੋਟਪੈਡ ਵਿੱਚ ਸਾਰੀਆਂ ਸਰੋਤ ਫਾਈਲਾਂ ਬਣਾਈਆਂ ਗਈਆਂ ਹਨ । html ਐਕਸਟੈਂਸ਼ਨ ਦੇ ਨਾਲ ਸੇਵ ਕੀਤਾ ਜਾਂਦਾ ਹੈ, ਅੰਤ ਵਿੱਚ ਇਹ ਇੰਟਰਨੈੱਟ ਐਕਸਪਲੋਰਰ ਤੇ ਚਲਾਇਆ ਜਾਂਦਾ ਹੈ।

ਇਸ ਪ੍ਰਾਜੈਕਟ ਦੀ ਉਸਾਰੀ ਵਿੱਚ ਵਰਤੇ ਜਾਂਦੇ ਆਮ ਟੈਗਾਂ ਹਨ, ਜਿਨ੍ਹਾਂ ਬਾਰੇ ਅਸੀਂ ਪਿਛਲੇ ਅਧਿਆਇਆਂ ਵਿੱਚ ਪੜ੍ਹਿਆ ਹੈ। ਇਸ ਪ੍ਰੋਜੈਕਟ ਵਿੱਚ ਇੱਕ ਹੋਮਪੇਜ ਅਤੇ ਅੱਠ ਵੈਬ ਪੰਨੇ ਸ਼ਾਮਲ ਹਨ ਸਾਰੇ ਅੱਠ ਪੇਜਾਂ ਨੂੰ ਹੋਮ ਪੇਜ ਨਾਲ ਲਿੰਕ ਕੀਤਾ ਗਿਆ ਹੈ।

ਹੋਮ ਪੇਜ ਹਮੇਸ਼ਾ ਤੁਹਾਡੀ ਵੈਬਸਾਈਟ ਦਾ ਪਹਿਲਾ ਪੇਜ ਹੁੰਦਾ ਹੈ। ਇਸ ਪੇਜ ਵਿੱਚ ਤੁਹਾਡੀ ਸਾਈਟ ਤੇ ਉਪਲਬਧ ਸਾਰੀ ਜਾਣਕਾਰੀ ਸ਼ਾਮਲ ਹੈ।

ਹੁਣ ਅਸੀਂ ਇੱਕ ਸਕੂਲ ਨਾਲ ਸੰਬੰਧਿਤ html ਵਿੱਚ ਇੱਕ ਪਰੋਜੈਕਟ ਤਿਆਰ ਕਰਨ ਦੇ ਯੋਗ ਹਾਂ, ਤਾਂ ਜੋ ਅਸੀਂ ਉਸ ਸੰਕਲਪ ਨੂੰ ਲਾਗੂ ਕਰ ਸਕੀਏ ਜਿਸ ਬਾਰੇ ਅਸੀਂ ਇਸ ਅਤੇ ਪਿਛਲੇ ਅਧਿਆਇਆਂ ਵਿੱਚ ਚਰਚਾ ਕੀਤੀ ਹੈ। ਆਓ ਇੱਕ ਸਕੂਲ ਦੀ ਇੱਕ ਵੈਬਸਾਈਟ ਬਣਾਈਏ :

ਇਹ ਸਾਡੀ ਵੈਬਸਾਈਟ ਦਾ ਹੋਮ ਪੇਜ ਹੈ ਜਿਵੇਂ ਕਿ ਚਿੱਤਰ.4.1 ਵਿਚ ਦਿਖਾਇਆ ਗਿਆ ਹੈ।




ਚਿੱਤਰ 4.1

ਇਸ ਲਈ ਕੋਡ ਹੇਠ ਲਿਖੇ ਅਨੁਸਾਰ ਚਿੱਤਰ 4.2 ਵਿੱਚ ਦਿਖਾਇਆ ਗਿਆ ਹੈ।

```
homepage - Notepad
File Edit Format View Help
<html>
 <head>  <title>GOVERNMENT SENIOR SECONDARY SCHOOL,PATIALA</title>
<meta encoding="utf-8">
<style>
body,table
{
background-color:lightyellow;
}
h1,H2{color:red;
margin-left:40px;
}
</style>
 </head>
 <body>
<h1 align=center>GOVERNMENT SENIOR SECONDARY SCHOOL</h1>
<Marquee behavior="alternate" bgcolor=yellow><h1>"[illegible]</h1></marquee>
<hr size=6 color =green width=100%>
<table border=2 width=100% >
<tr> <th>Important Links</th>
<th>Principal Message</th> </tr>
<tr> <td>
<A HREF="facilities.html"><h3>Facilites available</h3></A>
<A HREF="admissionform1.html"><h3>Admission Form</h3></A>
<A HREF="facultynames.html"><h3>Faculty Details</h3></A>
<A HREF="housesdetails.html"><h3>House Details</h3></A>
<A HREF="photogallery.html"><h3>Photo Gallery</h3></A>
<A HREF="externallinks.html"><h3>Other Helpful Websites</h3></A>
<A HREF="contactus.html"><h3>Any Query /Feedback/Suggestion</h3></A>
<A HREF="locateus.html"><h3>Locate Us</h3></A>
</td>
<td>Greetings,<br>
Education starts from home. Learning takes place in the best way in a secure and comfortable environment. Home is the most secure place and we often say
that we are at home with......The home atmosphere is to be extended to school as well, to acquire good learning outcomes. The circumstances may vary in different homes where
 as the school provides more or less a uniform setting to all the students.The school is no doubt is a formal setting. Thus the formal school setting should
 act as correction centres for students. It should supplement and complement what is unavailable or available at home for good formation.
Acquiring good social skills values and practicing them in the school context will definitely help every student to convert the school into a land of bliss. The joy of achieving more and
more in academic skills and feeling significance is indeed home atmosphere.Wishing all students a great academic year with good accomplishments and all should be able to say
 "My Schoolfrom where I learned the art of loving and the joy of living together".
<Br>Warm regards,<br>
Principal
</tr>
</body> </html>
```

ਚਿੱਤਰ 4.2

ਵੈੱਬਸਾਈਟ ਵਿੱਚ ਉਪਲਬਧ ਪਹਿਲਾ ਲਿੰਕ "Facilities Available" ਅਤੇ ਇਸਦਾ ਕੋਡ ਅਤੇ ਆਊਟਪੁੱਟ ਚਿੱਤਰ 4.3 ਅਤੇ 4.4 ਵਿੱਚ ਦਿਖਾਇਆ ਗਿਆ ਹੈ।

```
facilities - Notepad
File Edit Format View Help
<html>
 <head>
 <title>FACILITIES AVAILABLE AT OUR CAMPUS</title>
<style>
body
{
background-color:lightblue;
}
ul h1{color:lightyellow;
margin-left:40px;
}
</style>
 </head>
 <body>
<a href=homepage.html >Home Page</a> <br><br>

<h1>Superior infrastructure and best facilities available in the Campus. </h1>
<ul>
<li>fully vantilated and airy class rooms.
<li>Total built-up area of about 75,000sq.ft.
<li>Well equipped laboratories for Physics, Chemistry ,Biology,,Maths and Science Labs.
<li>State-of-the-art computer lab that is open for children of all ages.
<li>A well stocked and updated library with a multimedia and internet connection.
<li>K-Yan multimedia presentation tool available.
<li>ROT System avialble for live lectures by education department.
<li>Power back up with Gen_set.
<li>Retail and IT subjects are available in Vocational stream.
<li>Canteen.
<li>Vast Play ground
</ul>
</body>
 </html>
```

ਚਿੱਤਰ 4.3




ਚਿੱਤਰ 4.4

ਦੂਜਾ ਲਿੰਕ 'Adimission Form" ਹੈ, ਜਿਸ ਦਾ ਨਤੀਜਾ ਚਿੱਤਰ 4.5, 4.6 (a) ਅਤੇ 4.6 (b) ਵਿੱਚ ਦਿਖਾਇਆ ਗਿਆ ਹੈ।




ਚਿੱਤਰ 4.5

```
<html>
  <head>   <title>admission form</title>   </head>
  <body>
  <form action="post" name="StudentRegistration" >
<table cellpadding="2" width="20%" bgcolor="light pink" align="center"  cellspacing="2">
<tr>   <td colspan=2>
  <center><font size=4><b>Student Registration Form</b></font></center>
  </td>   </tr>
<tr>   <td>Name</td>
  <td><input type=text name=textnames id="textname" size="30"></td>   </tr>
<tr>   <td>Father Name</td>
  <td><input type="text" name="fathername" id="fathername"  size="30"></td>   </tr>
  <tr>   <td>Postal Address</td>
  <td><input type="text" name="paddress" id="paddress" size="30"></td>   </tr>
<tr>   <td>Personal Address</td>
 <td><input type="text" name="personaladdress"  id="personaladdress" size="30"></td>   </tr>
<tr>   <td>Sex</td>
  <td><input type="radio" name="sex" value="male" size="10">Male
  <input type="radio" name="sex" value="Female" size="10">Female</td>   </tr>
<tr>   <td>City</td>
  <td><select name="City">
  <option value="-1" selected>select..</option>
  <option value="New Delhi">NEW DELHI</option>
  <option value="Mumbai">MUMBAI</option>
  <option value="Goa">GOA</option>
  <option value="Patna">PATNA</option>
  </select></td>   </tr>
<tr>   <td>Course</td>
  <td><select name="Course">
  <option value="-1" selected>select..</option>
  <option value="B.Tech">B.TECH</option>
  <option value="MCA">MCA</option>
  <option value="MBA">MBA</option>
  <option value="BCA">BCA</option>
  </select></td>   </tr>
<tr>   <td>District</td>
  <td><select name="District">
  <option value="-1" selected>select..</option>
  <option value="Nalanda">NALANDA</option>
  <option value="UP">UP</option>
  <option value="Goa">GOA</option>
  <option value="Patna">PATNA</option>
  </select></td>     </tr>
```

ਚਿੱਤਰ 4.6 (a)

```
  <option value="-1" selected>select..</option>
  <option value="B.Tech">B.TECH</option>
  <option value="MCA">MCA</option>
  <option value="MBA">MBA</option>
  <option value="BCA">BCA</option>
  </select></td>   </tr>
<tr>   <td>District</td>
  <td><select name="District">
  <option value="-1" selected>select..</option>
  <option value="Nalanda">NALANDA</option>
  <option value="UP">UP</option>
  <option value="Goa">GOA</option>
  <option value="Patna">PATNA</option>
  </select></td>     </tr>
<tr>   <td>State</td>
  <td><select Name="State">
  <option value="-1" selected>select..</option>
  <option value="New Delhi">NEW DELHI</option>
  <option value="Mumbai">MUMBAI</option>
  <option value="Goa">GOA</option>
  <option value="Bihar">BIHAR</option>
  </select></td>
  </tr>
  <tr>   <td>PinCode</td>
  <td><input type="text" name="pincode" id="pincode" size="30"></td>
</tr>
  <tr>   <td>EmailId</td>
  <td><input type="text" name="emailid" id="emailid" size="30"></td>
  </tr>
<tr>
  <td>DOB</td>
  <td><input type="text" name="dob" id="dob" size="30"></td>
  </tr>
<tr>   <td>MobileNo</td>
  <td><input type="text" name="mobileno" id="mobileno" size="30"></td>
  </tr>
  <tr>
  <td><input type="reset"></td>
  <td colspan="2"><input type="submit" value="Submit Form" /></td>
  </tr> </table>
</form>
 </body>
</html>
```

ਚਿੱਤਰ 4.6 (b)

ਅਗਲਾ ਲਿੰਕ "Faculty" ਦੇ ਵੇਰਵੇ ਲਈ ਆਉਟਪੁੱਟ ਹੈ ਅਤੇ ਇਸ ਦੇ ਕੋਡ ਨੂੰ ਚਿੱਤਰ 4.7 ਅਤੇ 4.8 ਵਿੱਚ ਹੇਠਾਂ ਪਰਿਭਾਸ਼ਤ ਕੀਤਾ ਗਿਆ ਹੈ: -




Home Page

OUR FACULTY MEMBERS

| SR.NO. | NAME OF THE EMPLOYEES(SH./SMT.) | SUBJECT | DESIGNATION |
|---|---|---|---|
| 1. | GAGANDEEP SINGH | BIOLOGY | PRINCIPAL |
| 2. | SACHIN DHIMAN | COMPUTER SCIENCE | LECTURER |
| 3. | BINDU | ELECTRONICS AND COMMUNICATION | LECTURER |
| 4. | POOJA | PHYSICS | LECTURER |
| 5. | SUKHWINDER SINGH | MATHEMATICS LECTURER | LECTURER |
| 6. | SARBJEET SINGH | DPE | MASTER |
| 7. | NARINDER PAL SINGH | MATHEMATICS | MASTER |
| 8. | ABHINAV JOSHI | SCIENCE | MASTER |
| 9. | HARPREET KAUR | COMPUTER SCIENCE | COMPUTER FACULTY |
| 10. | RAMIT GARG | -- | CLERK |

ਚਿੱਤਰ 4.7

ਇਸ ਲਈ ਕੋਡ ਇਸ ਪ੍ਰਕਾਰ ਹੈ:




```
<html>
 <head>   <title>OUR SCHOOL FACULTY MEMBERS</title>   </head>
 <body bgcolor="lightgreen">
<a href=homepage.html target="_top">Home Page</a>
<h1>OUR FACULTY MEMBERS</h1><br><br>
<table border=2>
<tr>     <th>SR.NO.</th>
    <th>NAME OF THE EMPLOYEES(SH./SMT.)</th>
    <th>SUBJECT</th>
<th>DESIGNATION</th> </tr>
<tr>     <td>1.</td>
    <td>GAGANDEEP SINGH</td>
<td>BIOLOGY</td>
<td>PRINCIPAL</td> </tr>
<tr>     <td>2.</td>
    <td>SACHIN DHIMAN</td>
<td>COMPUTER SCIENCE</td>
    <td>LECTURER</td> </tr>
<tr>     <td>3.</td>
    <td>BINDU</td>
<td>ELECTRONICS AND COMMUNICATION </td>
<td>LECTURER</td> </tr>
<tr>     <td>4.</td>
    <td>POOJA</td>
   <td>PHYSICS</td>
    <td> LECTURER</td> </tr>
<tr>     <td>5.</td>
    <td>SUKHWINDER SINGH</td>
    <td>MATHEMATICS LECTURER</td>
<td>LECTURER</td> </tr>
<tr>     <td>6.</td>
    <td>SARBJEET SINGH</td>
    <td>DPE</td>
<td>MASTER</td> </tr>
<tr>     <td>7.</td>
    <td>NARINDER PAL SINGH</td>
    <td>MATHEMATICS</td>
<td>MASTER</td> </tr>
<tr>     <td>8.</td>
    <td>ABHINAV JOSHI</td>
    <td>SCIENCE </td>
<td>MASTER</td> </tr>
   <tr>  <td>9.</td>
    <td>HARPREET KAUR</td>
    <td>COMPUTER SCIENCE </td>
<td>COMPUTER FACULTY</td> </tr>
   <tr>     <td>10.</td>
    <td>RAMIT GARG</td>
    <td>-- </td>
<td>CLERK</td> </tr>
</table>   </body>   </html>
```

ਚਿੱਤਰ 4.8

ਅਗਲਾ ਲਿੰਕ House ਦੇ ਵੇਰਵੇ ਲਈ ਆਉਟਪੁੱਟ ਚਿੱਤਰ 4.9 ਹੈ ਅਤੇ ਇਸ ਦੇ ਕੋਡ ਨੂੰ ਚਿੱਤਰ 4.10, (a) 4.10 (b), 4.11, 4.12 ਵਿਚ ਹੇਠਾਂ ਦਿੱਤਾ ਗਿਆ ਹੈ: -




ਚਿੱਤਰ 4.9



```
<html>
<head>
 <title>OUR SCHOOL HOUSES</title>
<style>
body
{
background-color:lightblue;
}
h1{color:maroon;
margin-left:40px;
}
</style>
</head>
<body>
<h1>HOUSE RAJGURU</h1>
<B>HOUSE INCHARGE:-RAVINDER KAUR(MATHS LECTURER)
<h2>scheduled days:-1-10th date of every month.</h2>
 </body>
 </html>
```

ਚਿੱਤਰ 4..10 (a)



```
<html>
<head>
 <title>OUR SCHOOL HOUSES</title>
<style>
body
{
background-color:RED;
}
h1,H2{color:YELLOW;
margin-left:40px;
}
</style>
</head>
<body>
<h1>HOUSE SUKHDEV</h1>
<B>HOUSE INCHARGE:-RANJIT KAUR(PUNJABI LECTURER)
<h2>scheduled days:-21-30th date of every month.</h2>
 </body>
 </html>
```

ਚਿੱਤਰ 4..10 (b)



```
<html>
<head>
 <title>OUR SCHOOL HOUSES</title>
<style>
body
{
background-color:lightgreen;
}
h1,H2{color:maroon;
margin-left:40px;
}
</style>
</head>
<body>
<h1>HOUSE BHAGAT SINGH</h1>
<B>HOUSE INCHARGE:-PARAMJIT SINGH(ECONOMICS LECTURER)
<h2>scheduled days:-11-20th date of every month.</h2>
 </body>
 </html>
```

ਚਿੱਤਰ 4.11



```
<html>
<frameset cols="*,*">
<frameset rows="*,*">
<frame src="house1.html">
<frame src="house2.html">
<frame src="house3.html">
  </frameset>
<frame src="house3.html">

</frameset>
 </html>
```

ਚਿੱਤਰ 4.12

ਅਗਲਾ ਲਿੰਕ photo gallery ਹੈ ਜਿਸ ਦੀ ਆਉਟਪੁੱਟ ਨੂੰ ਚਿੱਤਰ 4.13 ਅਤੇ ਚਿੱਤਰ 4.14 ਵਿੱਚ ਦਿਖਾਇਆ ਗਿਆ ਹੈ।




ਚਿੱਤਰ 4.13



```
<html>
 <head>
 <title>IMAGES TAGS</title>
 </head>
 <body>
<A HREF="homepage.html">Home Page</A><br><br>
<image src="computerlab.jpg"  width=500 height=300><br>Computer Lab<br>
<image src="science lab.jpg"  width=500 height=300><br>science Lab<br>
<image src="library.jpg"  width=500 height=300><br>Library<br>
<image src="44.jpg"  width=500 height=300><br>Ground<br>
<image src="avlab.jpg"  width=500 height=300><br>audio-visual Lab<br>
<image src="can.jpg"  width=500 height=300><br>Canteen<br>
<image src="mdm.jpeg"  width=500 height=300><br>Mid day Meal<br>
  </body>
 </html>
```

ਚਿੱਤਰ 4.14

ਅਗਲਾ ਉਪਲੱਬਧ ਲਿੰਕ ਦੂਜੀਆਂ ਸਹਾਇਕ ਵੈੱਬਸਾਈਟਾਂ ਹਨ ਜੋ ਇਸ ਵੈਬਪੰਨੇ ਲਈ ਆਉਟਪੁੱਟ ਅਤੇ ਕੋਡ ਹਨ ਜਿਵੇਂ ਕਿ ਚਿੱਤਰ 4.15 ਅਤੇ 4.16 ਵਿੱਚ ਦਰਸਾਇਆ ਗਿਆ ਹੈ-




ਚਿੱਤਰ 4.15




ਚਿੱਤਰ 4.16

ਅਗਲਾ ਉਪਲਬੰਧ ਲਿੰਕ Query/ Suggestion ਹਨ ਜੋ ਇਸ ਵੈਬਪੰਨੇ ਲਈ ਆਉਟਪੁੱਟ ਅਤੇ ਕੋਡ ਹਨ ਜਿਵੇਂ ਕਿ ਚਿੱਤਰ 4.17 ਅਤੇ 4.18 ਵਿੱਚ ਦਰਸਾਇਆ ਗਿਆ ਹੈ-




ਚਿੱਤਰ 4.17



```
<html>
 <head>
<title>Contact Us</title>  </head>
 <body align="left">
<A target=house1.html HREF="homepage.html">Home Page</A><br><br>
 <center><font size=12><b>Contact Us</b></font></center>
Name<br>
<input type=text name=textname size="30"><br>
Email<br>
<input type="email" name=textmail  size="30"><br>
Phone No.<br>
<input type="text" name="phoneno"   size="30"><br>
Postal Address<br>
<input type="text" name="paddress" id="paddress" size="30"><br>
CATEGORY<br>
<select name="CATEGORY">
 <option value="Suggestion" >Suggestions</option>
 <option value="Complaint">Complaint</option>
 <option value="feedback" selected>feedback</option>
 <option value="Others..">Others</option>
 </select><br>
Please write here<br>
<textarea name="subject" placeholder="Write something.." rows="15" cols="50"></textarea>
<br><br>
 <input type="submit" value="Submit Form" >
 </form>
 </body>
 </html>
```

ਚਿੱਤਰ 4.18

ਅਗਲਾ ਅਤੇ ਆਖਰੀ ਉਪਲਬਧ Locate us ਹੈ ਜਿਸ ਦੀ ਆਉਟਪੁੱਟ ਵਿੱਚ ਕੋਡ ਚਿੱਤਰ ਨੰ. 4.19 ਅਤੇ 4.20 ਤੇ ਦਿਖਾਇਆ ਗਿਆ ਹੈ।




ਚਿੱਤਰ 4.19

LOCATEUS - Notepad

File Edit Format View Help

```html
<html>
 <head>
<title>LOCATE US</title>
 </head>
 <body  font align="left">
<A HREF="homepage.html">Home Page</A><br><br>

 <center><font size=12><b>Contact Us</b></font></center>
<font size=5><b>
ADDRESS:-<br><br>
GOVERNMENT SENIOR SECONDARY SCHOOL,<br>
DISTT.MOHALI<br><br>
Email:-gsssmohali@gmail.com<br>
Phone No.<br>
01722680001
</font></b>
</body>
 </html>
```

ਚਿੱਤਰ 4.20

## ਯਾਦ ਰੱਖਣ ਲਈ ਗੱਲਾਂ

1. ਸਰਵਰ ਬਾਰੇ ਫੈਸਲਾ ਕਰਨ ਤੋਂ ਪਹਿਲਾਂ ਸਾਨੂੰ ਡੋਮੇਨ ਨਾਮ ਰਜਿਸਟਰ ਕਰਵਾਉਣਾ ਚਾਹੀਦਾ ਹੈ।
2. ਕਿਸੇ ਵੈਬਸਾਈਟ ਨੂੰ ਤਿਆਰ ਕਰਦੇ ਸਮੇਂ ਦਰਸ਼ਕ ਦੀਆਂ ਲੋੜਾਂ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ।
3. ਤੁਸੀਂ ਆਪਣੇ ਖੁਦ ਦੇ ਸਰਵਰ ਨੂੰ ਸਥਾਪਤ ਕਰ ਸਕਦੇ ਹੋ ਜਾਂ ਕਿਸੇ ਕੰਪਨੀ ਜਾਂ ਸੰਸਥਾ ਤੋਂ ਇਸ ਲਈ ਥਾਂ ਕਿਰਾਏ ਤੇ ਲੈ ਸਕਦੇ ਹੋ।
4. ਸਾਰੇ ਪੰਨਿਆਂ ਨੂੰ ਤਿਆਰ ਕਰਨ ਤੋਂ ਬਾਅਦ ਉਹਨਾਂ ਨੂੰ ਆਫ ਲਾਈਨ ਟੈਸਟ ਕੀਤਾ ਜਾਂਦਾ ਹੈ।
5. ਸਾਈਟ FTP (ਫਾਇਲ ਟਰਾਂਸਫਰ ਪ੍ਰੋਟੋਕੋਲ) ਦੀ ਮਦਦ ਨਾਲ ਅਪਲੋਡ ਕੀਤੀ ਗਈ ਹੈ।
6. ਸਫਲਤਾਪੂਰਵਕ ਅਪਲੋਡਿੰਗ ਦੇ ਬਾਅਦ ਸਾਈਟ ਦੀ ਪਰਖ ਆਨਲਾਈਨ ਕੀਤੀ ਜਾਂਦੀ ਹੈ।
7. ਸਾਈਟ ਦਾ ਪਹਿਲਾ ਪੰਨਾ ਹੋਮ ਪੇਜ ਹੈ, ਸਾਈਟ ਦੇ ਦੂਜੇ ਪੰਨਿਆਂ ਨਾਲ ਜੁੜਿਆ ਹੋਇਆ ਹੈ।
8. ਬੈਂਡਵਿਡਥ ਉਹ ਡੇਟਾ ਟ੍ਰਾਂਸਫਰ ਦੀ ਮਾਤਰਾ ਹੈ ਜੋ ਕਿਸੇ ਨਸਿਚਤਿ ਸਮੇਂ ਵਿੱਚ ਟ੍ਰਾਂਸਫਰ ਹੁੰਦੀ ਹੈ।
9. ਕਈ ਵੈਬ ਬ੍ਰਾਉਜ਼ਰ ਵਿੱਚ ਆਪਣੀ ਵੈੱਬਸਾਈਟ ਦੀ ਜਾਂਚ ਕਰੋ।
10. ਸਰਚ ਇੰਜਨ ਔਪਟੀਮਾਈਜੇਸ਼ਨ ਇੱਕ ਵੈਬਸਾਈਟ ਤੇ ਵਿਜ਼ਟਰਾਂ ਦੀ ਮਾਤਰਾ ਵਧਾਉਣ ਲਈ ਰਣਨੀਤੀਆਂ, ਤਕਨੀਕਾਂ ਦਾ ਇੱਕ ਕਾਰਜ-ਪ੍ਰਣਾਲੀ ਹੈ।

## ਅਭਿਆਸ

### 1. ਬਹੁ-ਚੋਣਵੇਂ ਪ੍ਰਸ਼ਨ

1. ਕਿਸੇ ਵੈਬਸਾਈਟ ਦੀ ਯੋਜਨਾ ਬਣਾਉਣ ਦੇ ਚਾਰ ਪੜਾਅ ਹਨ?
   a. ਕਿਸੇ ਸਾਈਟ ਦਾ ਟੀਚਾ
   b. ਦਰਸ਼ਕਾਂ ਲਈ ਡਿਜ਼ਾਇਨਿੰਗ
   c. ਕੰਮ ਰਣਨੀਤੀ ਅਤੇ ਵਿਸ਼ਾ ਵਸਤੂ ਦੇ ਵਿਕਾਸ
   d. ਉੱਤੇ ਦਿਤੇ ਸਾਰੇ
2. ਟੀਚਾ ਪ੍ਰਾਪਤ ਕਰਨ ਲਈ ਕੰਮ ਕਰਨ ਦੇ ਢੰਗਾਂ ਨੂੰ ਕੀ ਬੁਲਾਇਆ ਜਾਂਦਾ ਹੈ?
   a. ਕੰਮ-ਰਣਨੀਤੀ
   b. ਯੋਜਨਾ ਦੀ ਰਣਨੀਤੀ
   c. ਡਿਜ਼ਾਈਨ ਰਣਨੀਤੀ
   d. ਉੱਪਰ ਵਾਲਿਆਂ ਵਿਚੋਂ ਕੋਈ ਵੀ ਨਹੀਂ
3. ਵੈਬ ਸਰਵਰ ਹੋ ਸਕਦਾ ਹੈ
   a. ਖਰੀਦਿਆ
   b. ਉਧਾਰ ਲਏ
   c. ਉਪਰੋਕਤ ਦੋਨੋ
   d. ਇਹਨਾਂ ਵਿੱਚੋ ਕੋਈ ਨਹੀਂ
4. ਵੈਬ ਪੇਜ ਦਾ ਆਕਾਰ ਵੱਧ ਤੋਂ ਵੱਧ ਨਹੀਂ ਹੋਣਾ ਚਾਹੀਦਾ
   a. ਇੱਕ ਸਕ੍ਰੀਨ
   b. ਦੋ ਸਕ੍ਰੀਨਸ
   c. ਤਿੰਨ ਸਕ੍ਰੀਨਸ
   d. ਚਾਰ ਸਕ੍ਰੀਨਸ
5. ਵੈਬਪੇਜ ਦੀ ਇੱਕ ਵਧੀਆ ਦਿੱਖ ਕਿਸ ਤੇ ਨਿਰਭਰ ਕਰਦੀ ਹੈ
   a. ਫੌਂਟ ਦਾ ਆਕਾਰ / ਰੰਗ
   b. ਬੈਕਗ੍ਰਾਉਂਡ ਰੰਗ
   c. ਟੇਬਲ ਅਤੇ ਗ੍ਰਾਫਕਿਸ
   d. ਉਪਰੋਕਤ ਸਾਰੇ
6. ਕਿਸ ਟੈਸਟਿੰਗ ਲਈ ਇੰਟਰਨੈਟ ਕਨੈਕਸ਼ਨ ਦੀ ਲੋੜ ਨਹੀਂ ਹੈ
   a. ਔਫਲਾਈਨ ਟੈਸਟਿੰਗ
   b. ਔਨਲਾਇਨ ਟੈਸਟਿੰਗ
   c. ਉਪਰੋਕਤ ਦੋਨੋ
   d. ਇਹਨਾਂ ਵਿੱਚੋ ਕੋਈ ਨਹੀਂ
7. ਐਸਈਓ ਦਾ ਮਤਲਬ ਹੈ
   a. ਸਰਚ ਇੰਜਨ ਔਪਟੀਮਾਇਜ਼ੇਸ਼ਨ.
   b. ਸਿਸਟਮ ਇੰਜਨ ਔਪਟੀਮਾਇਜ਼ੇਸ਼ਨ
   c. ਸੈਕਰੋਗਨਾਈਜ਼ਡ ਇੰਜਨ ਔਪਟੀਮਾਈਜੇਸ਼ਨ
   d. ਉਪਰੋਕਤ ਵਿੱਚੋ ਕੋਈ ਨਹੀ
8. ਐੱਸ ਐੱਮ ਐੱਮ ਮਤਲਬ ਕੀ ਹੈ
   a. ਸੋਸ਼ਲ ਮੀਡੀਆ ਮਾਰਕੀਟਿੰਗ
   b. ਸਾਇੰਸ ਮੀਡੀਆ ਮਾਰਕੀਟਿੰਗ
   c. ਸਿਸਟਮ ਮੈਕਰੋ ਮੀਡੀਆ
   d. ਇਹਨਾਂ ਵਿੱਚੋਂ ਕੋਈ ਨਹੀਂ
9. FTP ਦਾ ਮਤਲਬ ਹੈ
   a. File transfer protocol.
   b. Finance transfer protocol.
   c. Folder transfer protocol.
   d. ਉਪਰੋਕਤ ਵਿੱਚੋ ਕੋਈ ਨਹੀ
10. ਇੰਟਰਨੈਟ ਦੀ ਵਰਤੋਂ ਕਰਦੇ ਹੋਏ ਵੈਬਸ੍ਰਾਈਟ ਦੀ ਜਾਂਚ ਕਰਨਾ ਕਿਸ ਨਾਮ ਵਜੋਂ ਜਾਣਿਆ ਜਾਂਦਾ ਹੈ
    a. Offline testing.
    b. Online testing.
    c. ਉਪਰੋਕਤ ਦੋਨੋ
    d. ਉਪਰੋਕਤ ਵਿੱਚੋ ਕੋਈ ਨਹੀ

### 2. ਖਾਲੀ ਥਾਵਾਂ ਭਰੋ: -

1. ਸਾਈਟ ਦੀ ਯੋਜਨਾ ਬਣਾਉਣ ਸਮੇਂ ਸਾਈਟ ਦੀ...........ਦਾ ਫੈਸਲਾ ਅੰਤ ਵਿੱਚ ਲਿਆ ਜਾਂਦਾ ਹੈ।
2. .............ਤੁਹਾਡੀ ਸਾਈਟ ਦਾ ਪਤਾ ਹੈ।
3. ਡੋਮੇਨ ਨਾਮ ਬਾਰੇ ਫੈਸਲਾ ਕਰਨ ਤੋ ਬਾਅਦ ਅਗਲਾ ਕਦਮ ਡੋਮੇਨ ਨਾਮ ਦੀ .............ਕਰਨਾ ਹੈ।
4. ............ਦੋ ਸਕ੍ਰੀਨਾਂ ਤੋਂ ਵੱਡਾ ਨਹੀਂ ਹੋਣਾ ਚਾਹੀਦਾ ਹੈ।
5. ..............ਟੈਸਟਿੰਗ ਇੰਟਰਨੈਟ ਤੋ ਬਿਨਾਂ ਕੀਤੀ ਜਾ ਸਕਦੀ ਹੈ।
6. ਕਿਸੇ ਵੀ ਵੈਬਸਾਈਟ ਦੇ ਪਹਿਲਾ ਸਫਾ ਨੂੰ..................ਕਿਹਾ ਜਾਂਦਾ ਹੈ।

### 3. ਸਹੀ / ਚੁਣੋ

1. ਹੋਮ ਪੇਜ ਦੇ ਨਾਲ ਹੋਰ ਪੰਨਿਆਂ ਦਾ ਕੋਈ ਲਿੰਕ ਨਹੀਂ ਹੈ।
2. ਸਾਈਟ ਦਾ ਪਤਾ .com, .org, .net ਆਦਿ ਨਾਲ ਖਤਮ ਹੁੰਦਾ ਹੈ।
3. ਕਿਸੇ ਸਾਈਟ ਦਾ ਔਫਲਾਈਨ ਟੈਸਟ ਸਿਰਫ ਇਕੋ ਬਰਾਊਜ਼ਰ ਤੇ ਕਰਨੀ ਚਾਹੀਦੀ ਹੈ।
4. ਹੋਸਟ ਲਈ ਵੈਬ ਪੇਜਿਜ਼ ਨੂੰ ਭੇਜਣ ਲਈ, ਸਾਨੂੰ FTP ਕਲਾਇੰਟ ਦੀ ਲੋੜ ਹੈ।
5. ਕਿਸੇ ਸਾਈਟ ਦੇ ਔਨਲਾਈਨ ਟੈਸਟਿੰਗ ਦੇ ਦੌਰਾਨ ਤੁਹਾਡੇ ਕੰਪਿਊਟਰ ਨੂੰ ਇੰਟਰਨੈਟ ਨਾਲ ਜੁੜਿਆ ਹੋਣਾ ਚਾਹੀਦਾ ਹੈ।